# ਗਿਆਨੀ ਸੰਤ ਸਿੰਘ ਮਸਕੀਨ ਵਲੋਂ ਜੂਨ 84 ਦੇ ਹਮਲ ਤੋਂ ਬਾਅਦ ਕੀਤੀ ਗਈ ਕਥਾ ਦਾ ਉਤਾਰਾ

"ਮੁੱਦਤੇਂ ਗ਼ੁਜ਼ਰੀ ਹੈ ਇਤਨੀ ਰੰਜੋ ਗ਼ਮ ਸਹਿਤੇ ਹੁਏ, ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ"

ੴ ਸਤਿਗੁਰ ਪ੍ਰਸਾਦਿ॥

ਗੁਰੂ ਰੂਪ ਗੁਰੂ ਖ਼ਾਲਸਾ ਸਾਧ ਸੰਗਤ ਜੀਓ। ਮੌਜੂਦਾ ਹਾਲਤ ਸਬੰਧੀ ਔਰ ਗੁਰਬਾਣੀ ਦੀ ਵਿਚਾਰ ਆਪ ਜੀ ਦੇ ਸਮਕਸ਼ ਭੇਂਟ ਕਰਾਂ ਇਸ ਤੋਂ ਪੇਸ਼ਤਰ ਗੁਰਦੇਵ ਦੀ ਫ਼ਤਹਿ ਪ੍ਰਵਾਨ ਕਰਨੀ।

"ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥"

ਏਥੇ ਵੀਸਵੀਂ ਸਦੀ ਦੇ ਵਿਚ ਹੋ ਗ਼ੁਜ਼ਰਿਆ ਉਰਦੂ ਦਾ ਮਸ਼ਹੂਰੋ ਮਾਰੂਕ ਸ਼ਾਇਰ ਡਾ. ਮੁਹੰਮਦ ਇਕਬਾਲ। ਉਸਦੀ ਇੱਕ ਨਜ਼ਮ ਜੋ ਦੇਸ਼ ਦਾ ਕੌਮੀ ਤਰਾਨਾ ਬਣ ਗਈ ਤੇ ਹਰ ਸਕੂਲ ਦੇ ਵਿੱਚ ਬੱਚੇ ਉਸਨੂੰ ਪ੍ਰਾਰਥਨਾ ਦੇ ਰੂਪ ਦੇ ਵਿੱਚ ਗ਼ਾਇਨ ਕਰਦੇ ਸਨ। ਪੂਰਬ ਦੇ ਵਿੱਚ ਟੈਗੋਰ ਸੀ ਤੇ ਪੱਸ਼ਚਮ ਦੇ ਵਿੱਚ ਡਾ. ਮੁਹੰਮਦ ਇਕਬਾਲ।

ਇਕਾਗਰਤਾ ਪ੍ਰਦਾਨ ਕਰਨੀ।

ਸਿੱਖ ਸੰਗਤਾਂ ਦਾ ਹੜ੍ਹ ਆ ਰਿਹੈ ਤੇ ਮੈਂ ਸਮਝਦਾਂ ਇਹ ਪਹਿਲੀ ਦਫ਼ਾ ਕੌਮ ਦੀ ਰਹਿਬਰੀ ਪੰਜ ਧਾਰਮਿਕ, ਪੰਜ ਪਿਆਰੇ ਸਿੰਘ ਸਹਿਬਾਨ ਕਰ ਰਹੇ ਨੇ ਔਰ ਚਾਲੀ ਪੰਤਾਲੀ ਸਾਲ ਤੋਂ ਬਾਦ ਐਸਾ ਪਹਿਲਾ ਮੌਕਾ ਮਿਲਿਐ ਕਿ ਧਾਰਮਿਕ ਪੁਰਸ਼ ਕੌਮ ਦੀ ਅਗਵਾਈ ਕਰਨ। ਪਹਿਲਾ ਈ ਮੌਕਾ ਮਿਲਿਐ। ਚਾਲੀ ਪੰਤਾਲੀ ਸਾਲ ਤਕ ਤੇ ਸਿਆਸੀ ਬੰਦੇ ਰਹਿਨੁਮਾਈ ਕਰਦੇ ਰਹੇ, ਅਗ਼ਵਾਈ ਕਰਦੇ ਰਹੇ ਤੇ ਚਾਲੀ ਪੰਤਾਲੀ ਸਾਲ ਵਿੱਚ ਜੋ ਅਸੀਂ ਜੋ ਪਰਾਪਤ ਕੀਤੈ ਉਹ ਤੁਹਾਡੇ ਸਾਹਮਣੇ ਹੈ। ਤੇ ਹੁਣ ਅਸੀਂ ਰਹਿਬਰੀ ਦਿਤੀ ਹੈ ਗੁਰੂ ਪੰਥ ਦੇ ਪੰਜ ਮੁਖੀਆਂ ਨੂੰ, ਸਿੰਘ ਸਹਿਬਾਨ ਨੂੰ। ਸਤਿਗੁਰੂ ਰਹਿਮਤ ਕਰਨ ਓਹਨਾਂ ਨੂੰ ਸਮਰੱਥਾ ਦੇਣ, ਤਾਕਤ ਦੇਣ ਤਾਂ ਕਿ ਓਹ ਕੌਮ ਨੂੰ ਸਹੀ ਮੰਜ਼ਿਲੇ ਮਕਸੂਦ ਤੇ ਪਹੁੰਚਾ ਸਕਣ। ਮੈਂ ਅਰਜ਼ ਕਰ ਰਿਹਾ ਸੀ ਵੀਸਵੀਂ ਸਦੀ ਦਾ ਹੋ ਗੁਜ਼ਰਿਆ ਮਸ਼ਹੂਰੋ ਮਾਰੂਕ ਸ਼ਾਇਰ ਡਾ. ਇਕਬਾਲ ਨੇ ਇੱਕ ਕੌਮੀ ਤਰਾਨਾ ਲਿਖਿਆ ਸੀ ਹਿੰਦੂਸਤਾਨ ਦੇ ਸੰਬੰਧ ਵਿੱਚ ਜੋ ਹਰ ਸਕੂਲ ਦੇ ਵਿੱਚ ਗ਼ਾਇਨ ਕੀਤਾ ਗਿਆ ਤੇ ਕਰੀਬਨ-ਕਰੀਬਨ ਹਰ ਹਿੰਦੂਸਤਾਨੀ ਨੂੰ ਕੰਠ ਵੀ ਹੋ ਗਿਆ। ਓਹ ਤਰਾਨਾ ਸੀ ਇਹ,

"ਸਾਰੇ ਜਹਾਂ ਸੇ ਅੱਛਾ ਹਿੰਦੂਸਤਾਂ ਹਮਾਰਾ, ਹਮ ਬੁਲਬੁਲੇ ਹੈਂ ਇਸਕੀ ਯਿਹ ਗ਼ੁਲਿਸਤਾਂ ਹਮਾਰਾ"।

ਇਹ ਇਕਬਾਲ ਦਾ ਕੌਮੀ ਤਰਾਨਾ ਸੀ, ਹਿੰਦੂਸਤਾਨ ਦੇ ਸੰਬੰਧ ਵਿੱਚ, ਇਸ ਦੇਸ਼ ਦੇ ਸੰਬੰਧ ਵਿੱਚ। ਇਸ ਨੂੰ ਹਰ ਸਕੂਲ ਦੇ ਵਿੱਚ ਬੱਚੇ ਕੌਮੀ ਤਰਾਨੇ ਦੇ ਰੂਪ ਵਿੱਚ ਗ਼ਾਇਨ ਕਰਦੇ ਸਨ ਔਰ ਕਰੀਬਨ-ਕਰੀਬਨ ਹਰ ਦੇਸ਼ ਭਗਤ ਨੇ ਇਸ ਨੂੰ ਕੰਠ ਵੀ ਕਰ ਲਿਆ ਕਿ,

"ਸਾਰੇ ਜਹਾਂ ਸੇ ਅੱਛਾ ਹਿੰਦੂਸਤਾਂ ਹਮਾਰਾ, ਹਮ ਬੁਲਬੁਲੇ ਹੈਂ ਇਸਕੀ ਯਿਹ ਗ਼ੁਲਿਸਤਾਂ ਹਮਾਰਾ"।

ਵਕਤ ਲੰਘਿਆ, ਸਮਾਂ ਲੰਘਿਆ ਤੇ ਸਮੇਂ ਦੇ ਹੱਥੋਂ ਸਤਾਇਆ ਗਿਆ ਡਾ. ਇਕਬਾਲ। ਦੇਸ਼ ਦੀ ਬਹੁਗਿਣਤੀ ਨੇ ਇਸ ਹੱਦ ਤੱਕ ਪਰੇਸ਼ਾਨ ਕੀਤਾ, ਓਹਦੀ ਜ਼ਮੀਰ ਨੂੰ ਚਿਕਨਾਚੂਰ ਕੀਤਾ, ਓਹਨੂੰ ਦਿਮਾਗ਼ੀ ਤੌਰ ਤੇ ਇਤਨੀ ਸੱਟ ਪਹੁੰਚਾਈ। ਓਥੇ ਕੌਮੀ ਤਰਾਨੇ ਦੇ ਲਿਖ਼ਾਰੀ ਨੇ ਇੱਕ ਦੂਜਾ ਸ਼ਿਅਰ ਲਿਖਿਆ। ਉਹ ਪਤੈ ਕੀ ? ਉਹ ਸ਼ਿਅਰ ਹੈ ਇਹ,

"ਮੁੱਦਤੇਂ ਗ਼ੁਜ਼ਰੀ ਹੈ ਇਤਨੀ ਰੰਜੋ ਗ਼ਮ ਸਹਿਤੇ ਹੁਏ, ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ"।

ਉਸ ਨੇ। (ਸੰਗਤ ਵੱਲੋਂ ਜੈਕਾਰਾ) ਓਹੀ ਸ਼ਾਇਰ ਜਿਸ ਨੇ ਕੌਮੀ ਤਰਾਨਾ ਲਿਖਿਆ ਕਿ,

"ਸਾਰੇ ਜਹਾਂ ਸੇ ਅੱਛਾ ਹਿੰਦੂਸਤਾਂ ਹਮਾਰਾ"।

ਓਹੀ ਸ਼ਾਇਰ ਕਹਿੰਦੈ,

"ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ"।

ਸੋਚਣਾ ਪਏਗਾ। ਹਿੰਦੂਸਤਾਨ ਦੇ ਸੰਬੰਧ ਵਿੱਚ, ਇਸ ਦੇਸ਼ ਦੇ ਸੰਬੰਧ ਵਿੱਚ ਇਤਨੀ ਪਾਏਦਾਰ ਨਜ਼ਮ ਲਿਖ਼ਣ ਵਾਲਾ, ਇਤਨਾ ਮਹਾਨ ਕੌਮੀ ਤਰਾਨਾ ਲਿਖ਼ਣ ਵਾਲਾ, ਜਿਹਨੂੰ ਹਰ ਬੱਚੇ ਨੇ ਕੰਠ ਕਰ ਲਿਆ, ਹਰ ਸਕੂਲ ਵਿੱਚ ਗ਼ਾਇਨ ਕੀਤਾ ਜਾਂਦਾ ਰਿਹਾ, ਹਰ ਹਿੰਦੂਸਤਾਨੀ ਨੇ ਬੜੇ ਫ਼ਖ਼ਰ ਦੇ ਨਾਲ ਉਸ ਤਰਾਨੇ ਨੂੰ ਗਾਇਨ ਕੀਤਾ ਤੇ ਯਾਦ ਕੀਤਾ ਤੇ ਓਹੀ ਮਹਾਨ ਸ਼ਾਇਰ ਬਿਲਕੁਲ ਬਦਲ ਗਿਆ, ਉਹਦੇ ਵਿਚਾਰ ਬਦਲ ਗਏ, ਉਹਦੀ ਸੋਚਣੀ ਬਦਲ ਗਈ, ਉਹਦਾ ਨੁਕਤਾ ਨਿਗ਼ਾਹ ਬਦਲ ਗਿਆ ਔਰ ਉਹ ਕਹਿੰਦੈ,

"ਮੁੱਦਤੇਂ ਗ਼ੁਜ਼ਰੀ ਹੈ ਇਤਨੀ ਰੰਜੋ ਗ਼ਮ ਸਹਿਤੇ ਹੁਏ, ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ"।

ਬਈ ਕਿਓਂ ? ਓਹਦੇ ਨਾਲ ਜੋ ਵਧੀਕੀਆਂ ਹੋਈਆਂ, ਉਹ ਓਹ ਜਾਣੇ, ਆਪਾਂ ਨਹੀਂ ਖੋਲ੍ਹਣੀਆਂ। ਇਸ ਵਕਤ ਖੋਲ੍ਹਣ ਦਾ ਸਮਾਂ ਵੀ ਨਹੀਂ ਹੈ, ਤੇ ਖੋਲ੍ਹਣ ਦਾ ਮਾਹੌਲ ਵੀ ਨਹੀਂ। ਪਰ ਖਿਮਾਂ ਕਰਨਾ, ਅਸੀਂ ਇਸ ਦੇਸ਼ ਤੇ ਮਾਣ ਕੀਤਾ, ਔਰ ਮਾਣ ਕਰਦੇ ਰਹੇ, ਬੜੀ ਮੁੱਦਤ ਤੋਂ ਮਾਣ ਕਰਦੇ ਰਹੇ। ਇਤਨਾ ਮਾਣ ਕੀਤਾ ਕਿ ਦੇਸ਼ ਦੀ ਰਖਸ਼ਾ ਦੀ ਖਾਤਰ ਗੁਰੂਆਂ ਨੇ ਅਪਣੇ ਸੀਸ ਭੇਂਟ ਕੀਤੇ, ਗੁਰੂਆਂ ਦੇ ਬੱਚੇ ਸ਼ਹੀਦ ਹੋਏ, ਬੜੇ-ਬੜੇ ਸਿੱਖ ਬ੍ਰਹਮ ਗਿਆਨੀ ਔਰ ਸੰਤ ਮਹਾਤਮਾ ਕਦਮ-ਕਦਮ ਉਤੇ ਦੇਸ਼ ਤੇ ਦੇਸ਼ ਦੀ ਸੰਸਕ੍ਰਿਤੀ ਦੀ ਰੱਖਿਆ ਲਈ ਕੁਰਬਾਨੀਆਂ ਦਿੰਦੇ ਰਹੇ। ਔਰ ਇਹ ਸਿਲਸਿਲਾ ਕਾਫੀ ਲੰਮੇ ਸਮੇਂ ਤਕ ਜਾਰੀ ਰਿਹਾ। ਇਕਬਾਲ ਨੂੰ ਪਤਾ ਨਹੀਂ ਕੀ ਚੋਟ ਲੱਗੀ, ਉਸ ਨੇ ਆਖ ਦਿੱਤਾ, ਹੁਣ ਮੈਨੂੰ ਸ਼ਰਮ ਆਓਂਦੀ ਹੈ ਕਿ ਮੈਂ ਇਹ ਆਖਾਂ ਕਿ ਇਹ ਦੇਸ਼ ਮੇਰਾ ਹੈ। ਮੈਨੂੰ ਸ਼ਰਮ ਆਓਂਦੀ ਹੈ। ਤੇ ਖਿਮਾ ਕਰਨੀ ਜੋ ਕੁਝ ਹੋਇਆ ਅੱਜ ਤੱਕ ਕਰੀਬਨ-ਕਰੀਬਨ ਇਹ ਪੰਜ-ਸੱਤ ਦਿਨ ਪਹਿਲੇ ਹੀ ਸ਼ਾਇਦ ਕਲਕੱਤੇ ਦੇ ਵਿਚ ਪੜ੍ਹ ਰਿਹਾ ਸੀ ਕਿ ਸਿੱਖ ਜਿਹੜੈ ਇਹ ਸਿਆਸੀ ਵਧੀਕੀਆਂ ਤੇ ਬਰਦਾਸ਼ਤ ਕਰ ਲੈਂਦੈ। ਕਰ ਲੈਂਦੈ। ਚਾਲੀ ਸਾਲ ਤੋਂ ਅਸੀਂ ਬਰਦਾਸ਼ਤ ਕਰਦੇ ਆਏ। ਤੁਸੀਂ ਕਿਸੇ ਸਿੱਖ ਨੂੰ ਫੌਜ ਦੇ ਵਿਚ ਸਭ ਤੋਂ ਉਚਾ ਰੁਤਬਾ ਨਹੀਂ ਦੇਣਾ ਚਲੋ ਨਾ ਸਹੀ, ਬਰਦਾਸ਼ਤ ਕੀਤਾ। ਤੁਸੀਂ ਬੇਸ਼ਤਰ ਗੱਡੀਆਂ ਦੇ ਨਾਂ ਅਪਣੇ ਤੀਰਥਾਂ ਤੇ ਰੱਖੇ। ਗੰਗਾ ਜਮਨਾ ਐਕਸਪ੍ਰੈਸ, ਗੋਮਤੀ ਐਕਸਪ੍ਰੈਸ, ਵਿਸ਼ਵਨਾਥ ਕਾਸ਼ੀ ਐਕਸਪ੍ਰੈਸ, ਗਿਤਾਂਜਲੀ ਐਕਸਪ੍ਰੈਸ, ਸੰਗਮ ਐਕਸਪ੍ਰੈਸ, ਵਿਸ਼ਵਨਾਥ ਪੁਰੀ ਤੋਂ ਬਾਦ ਫਿਰ ਇਹਨਾਂ ਨੇ ਜਗਨਨਾਥਪੁਰੀ ਐਕਸਪ੍ਰੈਸ ਤੇ ਫਿਰ ਸੋਮਨਾਥ ਮੇਲ ਪਈ ਚਲਦੀ ਏ ਅਹਿਮਦਾਬਾਦ ਤੋਂ ਲੈ ਕੇ ਵਰਾਵਲ ਤੱਕ। ਅਨੇਕਾਂ ਗੱਡੀਆਂ ਜਿਨ੍ਹਾਂ ਦੇ ਇਹਨਾਂ ਨੇ ਅਪਣੇ ਤੀਰਥਾਂ ਦੇ ਨਾਮ ਦਿੱਤੇ। ਓਹ ਗੱਡੀਆਂ ਦੇ ਨਾਮ ਰੱਖੇ ਹੋਏ ਨੇ। ਗੱਡੀਆਂ ਚੱਲ ਰਹੀਆਂ ਨੇ। ਇਹਨਾਂ ਦੀਆਂ ਗ਼ਾਲਬਣ ਜੋ ਮੇਰੀ ਗਿਣਤੀ ਚ

ਆਈਆਂ, ਅਠਾਈ ਗੱਡੀਆਂ ਨੇ ਜੋ ਤੀਰਥਾਂ ਦੇ ਨਾਂ ਉਤੇ ਚੱਲ ਰਹੀਆਂ ਨੇ। ਤੇ ਇੱਕ ਵੀ ਗੱਡੀ ਸਿੱਖ ਤੀਰਥ ਦੇ ਨਾਮ ਉਤੇ ਨਹੀਂ ਚੱਲ ਰਹੀ ਸੀ। ਇਹ ਵਧੀਕੀ ਵੀ ਸਾਨੂੰ ਬਰਦਾਸ਼ਤ ਹੈ। ਚਲੋ ਕੋਈ ਗੱਲ ਨਹੀਂ। ਐਲਾਨ ਕੀਤਾ ਸੀ ਇਹਨਾਂ ਨੇ ਕਿ ਅਸੀਂ ਗੋਲਡਨ ਟੈਂਪਲ ਐਕਸਪ੍ਰੈਸ ਚਲਾਵਾਂਗੇ, ਸਵਰਨ ਮੰਦਰ ਐਕਸਪ੍ਰੈਸ ਚਲਾਵਾਂਗੇ ਪਰ ਖਿਮਾ ਕਰਨੀ ਜਦੋਂ ਗੱਡੀ ਏਥੇ ਅੰਮ੍ਰਿਤਸਰ ਪਹੁੰਚੀ ਸੀ, ਉਸਦਾ ਨਾਂ ਸੀ ਟਾਟਾ ਨਗਰ ਐਕਸਪ੍ਰੈਸ। ਕੋਈ ਸਵਰਨ ਮੰਦਰ ਐਕਸਪ੍ਰੈਸ ਨਹੀਂ ਸੀ। ਤੇ ਮੈਨੂੰ ਹੈਰਾਨੀ ਹੋਈ ਖਾਸ ਕਰਕੇ ਉਸ ਗੱਡੀ ਦਾ ਨਾਂ ਦੇਖਕੇ। ਜਿਹੜੇ ਇੱਕ ਗੱਡੀ ਦਾ ਨਾਂ ਸਵਰਨ ਮੰਦਰ ਬਰਦਾਸ਼ਤ ਨਹੀਂ ਕਰ ਸਕਦੇ ਇਹ ਦੁਸਟ, ਸਵਰਨ ਮੰਦਰ ਨੂੰ ਕਿਸ ਤਰ੍ਹਾਂ ਬਰਦਾਸ਼ਤ ਕਰਨਗੇ। ਇੱਕ ਨਾਮ ਹੀ ਨਹੀਂ ਬਰਦਾਸ਼ਤ ਕਰ ਸਕਦੇ। ਗੋਲਡਨ ਟੈਂਪਲ ਐਕਸਪ੍ਰੈਸ ਇਹ ਬਰਦਾਸ਼ਤ ਨਹੀਂ। ਨਹੀਂ ਹੋਇਆ। ਅਸੀਂ ਕਦੇ ਨਹੀਂ ਇਤਰਾਜ਼ ਕੀਤਾ ਕਿ ਤੁਸੀਂ ਗੰਗਾ ਜਮਨਾ ਐਕਸਪ੍ਰੈਸ ਕਿਓਂ ਚਲਾਈ ਹੋਈ ਹੈ? ਸੰਗਮ ਐਕਸਪ੍ਰੈਸ ਕਿਓਂ ਚਲਾਈ ਹੋਈ ਹੈ? ਵਿਸ਼ਵਨਾਥ ਕਾਂਸ਼ੀ ਐਕਸਪ੍ਰੈਸ ਕਿਓਂ ਚਲਾਈ ਹੋਈ ਹੈ? ਔਰ ਤੁਸੀਂ ਗਿਤਾਂਜਲੀ ਐਕਸਪ੍ਰੈਸ, ਜਗਨਨਾਥਪੁਰੀ ਐਕਸਪ੍ਰੈਸ, ਸੋਮਨਾਥ ਮੇਲ ਚਲਾਈ ਹੋਈ ਹੈ। ਅਨੇਕਾਂ ਗੱਡੀਆਂ ਤੀਰਥਾਂ ਦੇ ਨਾਂ ਦੇ ਉਤੇ ਚਲ ਰਹੀਐਂ। ਨਹੀਂ ਚੱਲੀ ਇੱਕ ਗੱਡੀ ਸਵਰਨ ਮੰਦਰ ਐਕਸਪ੍ਰੈਸ ਦੇ ਨਾਂ ਤੇ। ਅਸੀਂ ਇਹ ਵਧੀਕੀ ਬਰਦਾਸ਼ਤ ਕਰ ਲਈ। ਸਹਿਣ ਕਰ ਲਿਆ। ਬਰਦਾਸ਼ਤ ਕਰ ਲਿਆ। ਔਰ ਇਸ ਤਰ੍ਹਾਂ ਦੀਆਂ ਸਿਆਸੀ ਵਧੀਕੀਆਂ ਨੂੰ ਹੁਣ ਗਿਣਨ ਲੱਗੀਏ ਤਾਂ ਮੇਰੇ ਖਿਆਲ ਗਿਣਤੀ ਮੁੱਕ ਜਾਣੀ ਏ, ਹਿੰਦਸੇ ਮੁੱਕਣੇ ਨੇ, ਵਧੀਕੀਆਂ ਨਹੀਂ ਮੁਕਣੀਆਂ ਇਹਨਾਂ ਦੀਆਂ। ਏਨੀਆਂ ਵਧੀਕੀਆਂ ਇਹਨਾਂ ਨੇ ਪੈਂਤੀ ਚਾਲੀ ਸਾਲ ਦੇ ਵਿੱਚ ਕੀਤੀਆਂ। ਮੈਂ ਉਹ ਮੈਗ਼ਜ਼ੀਨ ਪੜ੍ਹ ਰਿਹਾ ਸੀ ਉਸ ਦੇ ਵਿੱਚ ਲਿਖਿਆ ਸੀ, "ਜਿਹੜਾ ਸਿੱਖ ਹੈ ਇਹ ਸਿਆਸੀ ਵਧੀਕੀ ਤੇ ਬਰਦਾਸ਼ਤ ਕਰ ਸਕਦੈ, ਧਾਰਮਿਕ ਵਧੀਕੀ ਨਹੀਂ ਬਰਦਾਸ਼ਤ ਕਰ ਸਕਦਾ। ਜਦ ਧਰਮ ਧਾਰਮਿਕ ਤੌਰ ਤੇ ਇਹਦੇ ਨਾਲ ਵਧੀਕੀ ਹੋਵੇਗੀ ਇਹ ਕੁਰਬਾਨ ਹੋਵੇਗਾ, ਇਹ ਮਿਟੇਗਾ, ਇਹ ਨਿਛਾਵਰ ਹੋਵੇਗਾ"। ਤੋ ਖਿਮਾ ਕਰਨੀ, ਸਰੇ ਆਮ ਚੌਂਕਾਂ ਦੇ ਵਿੱਚ ਸਿੱਖ ਕੌਮ ਦੀ ਪੱਗ ਲਾਹ ਕੇ ਰੱਖ ਦਿੱਤੀ ਗਈ। ਔਰ ਔਰੰਗਜ਼ੇਬ ਹਿੰਦੂ ਧਰਮ ਨੂੰ ਸ਼ਰਮਸਾਰ ਕਰਨ ਲਈ ਜਨੇਊ ਉਤਾਰਦਾ ਸੀ, ਇਹਨਾਂ ਨੇ ਸਾਨੂੰ ਸ਼ਰਮਸਾਰ ਕਰਨ ਲਈ ਸਾਡੀਆਂ ਕਿਰਪਾਨਾਂ ਉਤਾਰੀਆਂ। ਔਰ ਹਰ ਥਾਂ ਤੇ ਬੇਇਜ਼ਤ ਕੀਤਾ ਤੇ ਸ਼ਰਮਸਾਰ ਕੀਤਾ। ਇਕਬਾਲ ਨੇ ਪਤਾ ਨਹੀਂ ਕਿਸ ਸ਼ਰਮਸਾਰੀ ਦੇ ਤਹਿਤ ਇਹ ਆਖਿਆ ਸੀ ਕਿ ਹੁਣ ਮੈਨੂੰ ਸ਼ਰਮ ਆਉਂਦੀ ਹੈ। ਖਿਮਾਂ ਕਰਨੀ ਸਾਰਿਆਂ ਦੀਆਂ ਅੱਖਾਂ ਨੇ ਮੰਜ਼ਰ ਦੇਖ ਲਿਆ ਅਕਾਲ ਤਖਤ ਦਾ ਔਰ ਹਜ਼ਾਰਾਂ ਸਿੰਘਾਂ ਨਾਲ ਜੋ ਬੀਤਿਆ ਹੈ। ਔਰ ਅਪਣੀ ਦੁਸਟ ਕਾਨਫਰੰਸ ਕਰੇ ਤੇ ਤੁਸੀਂ ਇੱਕ-ਇੱਕ ਹਜ਼ਾਰ ਰੁਪਿਆ ਇੱਕ ਇੱਕ ਬੰਦੇ ਨੂੰ ਵੀ ਦਿਓ ਤੇ ਆਉਣ ਜਾਣ ਦਾ ਕਿਰਾਇਆ ਵੀ ਦਿਓ ਪਰ ਸੱਚ ਦਾ ਸੰਮੇਲਨ ਹੋਵੇ, ਧਾਰਮਿਕ ਸੰਮੇਲਨ ਹੋਵੇ ਤੇ ਤੁਸੀਂ ਚਾਰੋਂ ਪਾਸੇ ਰਸਤੇ ਰੋਕ ਦਿਓ ਤਾਂ ਕਹਿਣਾ ਹੀ ਪਏਗਾ ਕਿ ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ। (ਸੰਗਤ ਵਲੋਂ ਜੈਕਾਰਾ) ਇਸ ਘਰ ਨੂੰ, ਉਸ ਘਰ ਨੂੰ ਅਪਣਾ ਘਰ ਕਿਸ ਤਰ੍ਹਾਂ ਆਖੀਏ ਕਿ ਘਰ ਦੇ ਵਿੱਚ ਹੀ ਕੋਈ ਸਾਡੀ ਪੱਗ ਲਾਹ ਛੱਡੇ। ਮੈਂ ਪੜ੍ਹ ਰਿਹਾ ਸੀ ਯੂਨਾਨ ਦੇ ਪ੍ਰਸਿਧ ਦਾਰਸ਼ਨਿਕ ਸੰਤ ਸੁਕਰਾਤ ਦੇ ਕੁਝ ਬੋਲ। ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲੇ ਏਥਨਜ ਦੇ ਵਿੱਚ ਇਹ ਬੜਾ ਪ੍ਰਸਿਧ ਦਾਰਸ਼ਨਿਕ ਹੋ ਗੁਜ਼ਰਿਆ ਹੈ। ਇਹ ਕਹਿੰਦਾ ਹੈ ਕਿ ਸਮਾਜ ਦੇ ਸਤਾਏ ਹੋਏ ਮਨੁੱਖ ਚਿੰਤਕ ਹੋ ਜਾਂਦੇ ਨੇ। ਘਰੇਲੂ ਝਗੜਿਆਂ ਤੋਂ ਸਤਾਏ ਹੋਏ ਲੋਕ ਸੰਤ ਹੋ ਜਾਂਦੇ ਨੇ, ਫਕੀਰ ਹੋ ਜਾਂਦੇ ਨੇ। ਓਹਦਾ ਅਪਣਾ ਅਨੁਭਵ ਓਹਨੇ ਗੱਲ ਕਰੀ ਏ। ਤੇ ਮੈਨੂੰ ਤੇ ਇੰਞ ਲਗਦਾ ਹੈ ਬਾਬੇ ਨੇ ਵੀ ਸਹਿਮਤੀ ਪ੍ਰਗਟਾਈ ਏ ਗੁਰੂ ਨਾਨਕ ਦੇਵ ਜੀ ਨੇ:

"ਪੂੰਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥"

ਘਰ ਦੇ ਵਿੱਚ ਕੋਈ ਅਪਤਾ-ਬਿਪਤਾ ਪੈ ਗਈ ਏ, ਪਤਨੀ ਮਰ ਗਈ ਯਾ ਮੁੰਡਾ ਇਕਲੌਤਾ ਸੀ ਚਲਾਣਾ ਕਰ ਗਿਆ, ਯਾ ਦਿਵਾਲੀਆ ਹੋ ਗਿਆ ਯਾ ਘਰ ਦੇ ਵਿੱਚ ਕਲੇਸ਼ ਹੈ, ਝਗੜਾ ਹੈ, ਕਹਿੰਦਾ ਹੈ ਚਲੋ ਹੁਣ ਸੰਤ ਬਣੋ। ਫਕੀਰ ਬਣੋ। ਤੇ ਘੁੰਮਦਿਆ ਫਿਰਦਿਆਂ ਦੇਸ਼ ਵਿੱਚ ਜਦੋਂ ਮੈਨੂੰ ਕੋਈ ਕਹਿੰਦਾ ਹੈ, ਮਸਕੀਨ ਜੀ ਹੁਣ ਤੁਹਾਡੇ ਨਾਲ ਵਿਚਰਣ ਨੂੰ ਜੀਅ ਕਰਦਾ ਹੈ। ਮੈਂ ਪੁੱਛ ਲੈਂਦਾ ਹਾਂ ਘਰ ਬਾਰ ਤੇ ਖ਼ੈਰ ਖ਼ਰੀਅਤ ਨਾਲ ਹੈ, ਯਾ ਘਰੋਂ ਤੇ ਔਖਾ ਤੇ ਨੀ ਕੋਈ। ਕਿਉਂਕਿ ਸਾਡੇ ਨਾਲ ਸਫਰ ਵਿੱਚ ਹੁਣ ਜੋ ਤਿਆਰ ਹੋਣ ਨੂੰ ਰਾਜ਼ੀ ਏ, ਤੇ ਰੋਜ਼ ਔਕੜਾਂ ਝੇਲਣ ਨੂੰ ਰਾਜ਼ੀ ਏ। ਇਹਦਾ ਮਤਲਬ ਇਹਨਾਂ ਔਕੜਾਂ ਨਾਲੋਂ ਘਰ ਦੇ ਵਿੱਚ ਜਿਆਦਾ ਔਕੜਾਂ ਨੇ ਤਾਹੀਂ ਜੋ ਚੱਲਣ ਨੂੰ ਕਹਿੰਦਾ ਪਿਆ ਹੈ। ਵਰਨਾ ਕਾਹਨੂੰ ਆਖੇਗਾ।

"ਪ੍ਰੂਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥"

ਘਰੋਂ ਭਜਦੈ ਬੰਦਾ ਉਦੋਂ ਜਦੋਂ ਘਰ ਦੇ ਵਿੱਚ ਕੋਈ ਅਪਦੈ, ਘਰ ਦੇ ਵਿੱਚ ਕੋਈ ਬਿਪਤਾ ਹੈ। ਤੇ ਸੁਕਰਾਤ ਕਹਿੰਦਾ ਹੈ ਘਰੇਲੂ ਝਗੜਿਆਂ ਦਾ ਸਤਾਇਆ ਹੋਇਆ ਮਨੁੱਖ। ਸਮਝ ਲੈਣਾ ਓਥੇ ਘਰੇਲੂ ਔਕੜਾਂ ਬਹੁਤ ਜ਼ਿਆਦਾ ਨੇ। ਉਹ ਉਸਦਾ ਅਪਣਾ ਢੰਗ। ਤੇ ਜਿਥੇ ਚਿੰਤਕ ਬਹੁਤ ਮਿਲਣ ਦਾਰਸ਼ਨਿਕ ਬਹੁਤ ਮਿਲਣ। ਇਸ ਦੇਸ਼ ਨੇ ਦਾਰਸ਼ਨਿਕ ਬਹੁਤ ਪੈਦਾ ਕੀਤੇ ਨੇ ਕਿਉਂਕਿ ਇਹ ਦੇਸ਼ ਸਮਾਜ ਦਾ ਬਹੁਤ ਸਤਾਇਆ ਹੋਇਆ ਹੈ। ਕਿਤਨੀਆਂ ਸਮਾਜਕ ਕੁਰਿਹਤੀਆਂ ਏਥੇ ਰਾਇਜ ਤੇ ਮੋਹਰ ਧਰਮ ਦੀ ਲਾਕੇ। ਖ਼ੈਰ ਮੁਖ਼ਤਸਰ ਮੈਂ ਅਰਜ਼ ਕਰਾਂ। ਔਰ ਉਹ ਕਹਿੰਦਾ ਹੈ ਜਿਥੇ ਵਿਦਰੋਹੀ ਜ਼ਿਆਦਾ ਹੋਵਣ, ਅਤੰਕਵਾਦੀ ਜ਼ਿਆਦਾ ਹੋਵਣ, ਬਾਗੀ ਜ਼ਿਆਦਾ ਹੋਵਣ ਸਮਝ ਲੈਣਾ ਉਹ ਹਕੂਮਤ ਦੇ ਸਤਾਏ ਹੋਏ ਨੇ। ਵਧੀਕੀ ਹੋਈ ਹੈ। ਉਹਨਾਂ ਨੂੰ ਇਨਸਾਫ ਨਹੀਂ ਮਿਲਿਆ। ਦੋ ਸਾਲ ਤੋਂ ਬੜੇ ਸ਼ਾਂਤਮਈ ਢੰਗ ਨਾਲ ਇਹ ਕੌਮ ਇਨਸਾਫ ਮੰਗਦੀ ਪਈ ਏ ਤੇ ਇਨਸਾਫ ਮੰਗਣ ਦੀ ਥਾਂ ਤੇ ਇਨ੍ਹਾਂ ਨੂੰ ਜੇਲ੍ਹਾਂ ਵਿੱਚ ਭਰ-ਭਰ ਕੇ ਠੁਸਿਆ ਗਿਆ। ਤਰ੍ਹਾਂ-ਤਰ੍ਹਾਂ ਦੇ ਇਨ੍ਹਾਂ ਤੇ ਤਸ਼ੱਦਦ ਤੇ ਤਰ੍ਹਾਂ-ਤਰ੍ਹਾਂ ਦਾ ਇਨ੍ਹਾਂ ਦੇ ਉਤੇ ਜੋ ਹੈ ਜਬਰ ਤੇ ਹੋਰ ਅਨੇਕਾਂ ਤਰ੍ਹਾਂ ਦੀਆਂ ਪਰੇਸ਼ਾਨੀਆਂ। ਤੇ ਖਿਮਾ ਕਰਨੀ, ਸੁਕਰਾਤ ਤੇ ਐਸਾ ਕਹਿੰਦਾ ਹੈ ਕਿ ਛੇ ਮਹੀਨੇ ਲਗਾਤਾਰ ਜੇ ਕੋਈ ਮਨੁੱਖ ਸਮਾਜ ਤੋਂ, ਹਕੂਮਤ ਤੋਂ ਲਗਾਤਾਰ ਨਿਰਾਸ਼ ਹੋਇਆ ਹੈ ਤੇ ਓਹਦੇ ਅੰਦਰ ਸੋਚਣ ਸ਼ਕਤੀ ਪੈਦਾ ਹੋ ਜਾਏਗੀ, ਬਾਗ਼ੀਆਨਾ ਤਬੀਅਤ ਉਜਾਗਰ ਹੋ ਜਾਏਗੀ। ਔਰ ਖਿਮਾ ਕਰਨੀ ਸਾਡੇ ਅੰਦਰ ਬਾਗ਼ੀਆਨਾ ਤਬੀਅਤ ਉਜਾਗਰ ਹੋਈ ਦੋ ਸਾਲ ਬਾਦ। ਅਸੀਂ ਕਹਿ ਸਕਦੇ ਹਾਂ ਸੁਕਰਾਤ ਜੋ ਤੂੰ ਲਿਖਿਆ ਹੈ ਉਹਦੇ ਨਾਲੋਂ ਸਾਡੇ ਅੰਦਰ ਸ਼ਾਂਤੀ ਜ਼ਿਆਦਾ ਹੈ। ਸਾਡੇ ਅੰਦਰ ਬਰਦਾਸ਼ਤ ਦਾ ਮਾਦਾ ਜ਼ਿਆਦਾ ਹੈ। ਅਸੀਂ ਜ਼ਿਆਦਾ ਸਹਿਣ ਕਰ ਸਕਦੇ ਹਾਂ। ਅਸੀਂ ਜ਼ਿਆਦਾ ਬਰਦਾਸ਼ਤ ਕਰ ਸਕਦੇ ਹਾਂ। ਔਰ ਸਾਡੇ ਗੁਰੂ ਸਹਿਬਾਨ ਨੇ ਐਸਾ ਕਰ ਕੇ ਦਿਖਾਇਆ ਹੈ। ਮੈਂ ਇਤਿਹਾਸਕ ਵਾਕਿਆ ਤੁਹਾਡੇ ਸਾਹਮਣੇ ਰੱਖਾਂ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਪਣਾ ਹੀ ਲਿਖਤ ਹੈ। ਭੰਗਾਣੀ ਦੀ ਯੁੱਧ। ਹਿਮਾਚਲ ਪਰਦੇਸ਼ ਦਾ ਸਾਕਿਆ। ਬਾਈ ਧਾਰ ਦੇ ਰਾਜਿਆਂ ਦੇ ਉਸ ਵਕਤ ਦੇ ਮੁਖੀ ਹਰੀ ਚੰਦ ਹਠੂਰੇ ਨੇ ਸਤਿਗੁਰਾਂ ਨੂੰ ਘੇਰ ਲਿਆ। ਤੇ ਹਰੀ ਚੰਦ ਕਹਿੰਦਾ ਹੈ ਬਈ ਸੈਨਾ ਨੂੰ ਬਾਦ ਚ ਲੜਾਵਾਂਗੇ ਆਪਾਂ ਹੀ ਦੋ-ਦੋ ਹੱਥ ਕਰ ਲਈਏ। ਪਹਿਲਾਂ ਦੇਖ ਲਈਏ ਕਿ ਤੁਹਾਡੀ ਸੂਰਮਤਾਈ ਕਿੰਨੀ ਏ। ਤੇ ਸਤਿਗੁਰੂ ਕਹਿਣ ਲੱਗੇ ਕਿ ਠੀਕ ਏ ਜਿਵੇਂ ਤੇਰੀ ਵਿਚਾਰ। ਔਰ ਬਚਿੱਤਰ ਨਾਟਕ ਦੀ ਇਹ ਸਾਰੀ ਵਿਚਾਰਧਾਰਾ ਜੋ ਸਤਿਗੁਰੂ ਨੇ ਆਪ ਲਿਖੀ। ਤੇ ਹਰੀ ਚੰਦ ਕਹਿੰਦਾ ਹੈ ਕਿ ਮਹਾਰਾਜ ਤੁਹਾਨੂੰ ਪਤੈ ਕਿ ਅੱਜ ਤੱਕ ਮੇਰਾ ਤੀਰ ਕਤਈ ਖ਼ਤਾ ਨਹੀਂ ਗਿਆ। ਸਤਿਗੁਰੂ ਕਹਿੰਦੇ ਨੇ ਕਿ ਸੁਣਿਐ। ਤੇ ਹਰੀ ਚੰਦ ਕਹਿੰਦੈ ਕਿ ਮਹਾਰਾਜ ਇਹ ਵੀ ਤੁਹਾਨੂੰ ਪਤੈ ਕਿ ਮੇਰੇ ਨਾਮ ਤੋਂ ਹੀ ਮੇਰੇ ਵੈਰੀ ਕੰਬਦੇ ਨੇ। ਨਾਮ ਤੋਂ ਹੀ। ਸਤਿਗੁਰੂ ਕਹਿੰਦੇ ਨੇ ਕਿ ਸੁਣਿਐ। ਤੇ ਹਰੀ ਚੰਦ ਕਹਿੰਦੈ ਅੱਛਾ ਇਹ ਸਭ ਕੁਝ ਸੁਣਿਆ ਹੈ ਤਾਂ ਠੀਕ ਹੁਣ ਤੁਸੀਂ ਵਾਰ ਕਰੋ। ਮੈ ਤੁਹਾਨੂੰ ਵਾਰ ਕਰਨ ਦਾ ਮੌਕਾ ਦਿੰਦਾ ਹਾਂ। ਸਤਿਗੁਰੂ ਕਹਿੰਦੇ ਨੇ, ਨਹੀਂ। ਮੈਂ ਪਹਿਲੇ ਸੰਤ ਹਾਂ ਸਿਪਾਹੀ ਬਾਦ ਦੇ ਵਿੱਚ। ਮੈਂ ਪਹਿਲੇ ਸਿੱਖ ਹਾਂ ਸਿੰਘ ਬਾਦ ਦੇ ਵਿੱਚ। ਮੈਂ ਸਵੇਰੇ ਅਰਜ਼ ਕੀਤੀ ਏ ਸਾਡੇ ਦੋ ਨਾਮ ਨੇ। ਸਿੱਖ ਤੇ ਸਿੰਘ। ਸਿੱਖ ਨਾਮ ਦਿੱਤਾ ਸਾਨੂੰ ਗੁਰੂ ਨਾਨਕ, ਗੁਰੂ ਅੰਗਦ ਦੇਵ ਜੀ ਮਹਾਰਾਜ ਨੇ, ਗੁਰੂ ਅਮਰਦਾਸ ਜੀ ਨੇ, ਨੌਂ ਪਾਤਸ਼ਾਹੀਆਂ ਨੇ ਸਾਨੂੰ ਨਾਮ ਦਿੱਤਾ ਹੈ ਸਿੱਖ। ਤੇ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਤਖ਼ੱਲਸ ਦਿੱਤਾ ਹੈ ਸਿੰਘ। ਸਿੱਖ ਸਾਡਾ ਨਾਮ ਹੈ। ਸਿੰਘ ਸਾਡਾ ਤਖ਼ੱਲਸ ਹੈ। ਉਪਨਾਮ ਹੈ। ਸਰਨੇਮ ਹੈ। ਤੇ ਅਸੀਂ ਸਾਰੇ ਦੁਨਿਆਂ ਦੇ ਵਿੱਚ ਇਹਨਾਂ ਦੋ ਨਾਮਾਂ ਨਾਲ ਜਾਣੇ ਜਾਂਦੇ ਹਾਂ। ਪਹਿਚਾਣੇ ਜਾਂਦੇ ਹਾਂ। ਸਿੱਖ ਹੋਣਾ ਸਾਡਾ ਸੰਤ ਹੋਣਾ ਹੈ। ਸਿੰਘ ਹੋਣਾ ਸਾਡਾ ਸਿਪਾਹੀ ਹੋਣਾ ਹੈ। ਤੇ ਮੈਂ ਸਵੇਰੇ ਅਰਜ਼ ਕੀਤੀ ਸੀ। ਸੰਤ ਜਿਹੜਾ ਹੈ ਉਹ ਗ੍ਰੰਥ ਦੀ ਪੂਜਾ ਕਰਦਾ ਹੈ ਤੇ ਜਿਹੜਾ ਸਿਪਾਹੀ ਹੈ ਉਹ ਸ਼ਸਤਰ ਦੀ ਪੂਜਾ ਕਰਦਾ ਹੈ। ਏਸ ਵਾਸਤੇ ਅਸੀਂ ਗੁਰੂ ਗ੍ਰੰਥ ਸਹਿਬ ਦੀ ਤਾਬਿਆ ਕਰੀਬਨ-ਕਰੀਬਨ ਇਤਿਹਾਸਕ ਸਥਾਨਾਂ ਤੇ ਸ਼ਸਤਰ ਰੱਖੇ ਨੇ। ਤਾਂ ਕਿ ਗ੍ਰੰਥ ਨੂੰ ਵੀ ਮੱਥਾ ਟੇਕੀਏ ਤੇ ਸ਼ਸਤਰ ਨੂੰ ਵੀ ਮੱਥਾ ਟੇਕੀਏ। ਸਿਪਾਹੀ ਦਾ ਗੁਰੂ ਪੀਰ ਕੌਣ ਹੈ ? ਸ਼ਸਤਰ। ਤੇ ਸੰਤ ਦਾ ਗੁਰੂ ਪੀਰ ਕੌਣ ਹੈ ? ਗੁਰਬਾਣੀ। ਗੁਰੂ ਗ੍ਰੰਥ। ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਸਾਫ ਕਹਿ ਦਿੱਤਾ:

"ਸੈਫ, ਸਰੋਹੀ, ਸੈਹਤੀ ਯਹੈ ਹਮਾਰੇ ਪੀਰ॥"

ਇਹ ਤਾਂ ਮੇਰੇ ਪੀਰ ਨੇ। ਇਹ ਤੀਰ, ਇਹ ਤਲਵਾਰ, ਇਹ ਭਾਲੇ, ਇਹ ਬਰਛੇ, ਇਹ ਤੁਪਕਾਂ ਇਹ ਮੇਰੇ ਪੀਰ ਨੇ। ਇਹ ਮੇਰੇ ਮੁਰਸ਼ਦ ਨੇ। ਇਸ ਵਾਸਤੇ ਸਤਿਗੁਰੂ ਕਹਿੰਦੇ ਨੇ ਮੈ ਨਮਸਕਾਰ ਕਰਦਾਂ।

"ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥"

ਮੈਂ ਨਮਸਕਾਰ ਕਰਦਾ ਹਾਂ ਤੇਗ। ਹੇ ਤੇਗ ਹੇ ਤਲਵਾਰ ਮੈਂ ਤੈਨੂੰ ਮੱਥਾ ਟੇਕਦਾ ਹਾਂ। ਕਿਉਂ ? ਤੂੰ ਮੇਰੀ ਮੁਰਸ਼ਦ ਹੈਂ। ਤੂੰ ਮੇਰਾ ਪੀਰ ਹੈਂ। ਤੋਂ ਏਥੇ ਸਵਾਲ ਪੈਦਾ ਹੋਵੇਗਾ, "ਸਾਡੇ ਦੋ ਗੁਰੂ ਨੇ"? ਹਾਂ। ਜਦ ਸਾਡੇ ਰੂਪ ਦੋ ਨੇ ਤੇ ਫੇਰ ਗੁਰੂ ਵੀ ਦੋ ਨੇ। ਇਤਨੀ ਮੈਂ ਅਰਜ਼ ਕਰਾਂ। ਅਸੀਂ ਸਿਰਫ ਸਿੱਖ ਨਹੀਂ ਹਾਂ।ਅਸੀਂ ਸਿਰਫ ਸਿੰਘ ਨਹੀਂ ਹਾਂ। ਅਸੀਂ ਸਿੱਖ ਵੀ ਹਾਂ। ਅਸੀਂ ਸਿੰਘ ਵੀ ਹਾਂ। ਅਸੀਂ ਸੰਤ ਵੀ ਹਾਂ ਅਸੀਂ ਸਿਪਾਹੀ ਵੀ ਹਾਂ। ਸਿਪਾਹੀ ਦਾ ਗੁਰੂ ਸ਼ਸਤਰ ਹੁੰਦਾ ਹੈ ਤੇ ਖਿਮਾ ਕਰਨਾ ਸੰਤ ਦਾ ਗੁਰੂ ਗੁਰਬਾਣੀ ਹੁੰਦਾ ਹੈ। ਗੁਰੂ ਹੁੰਦਾ ਹੈ। ਗਿਆਨ ਹੁੰਦਾ ਹੈ। ਗ੍ਰੰਥ ਹੁੰਦਾ ਹੈ। ਹਜੂਰ ਸਹਿਬ ਦੇ ਵਿੱਚ ਸ਼ਸਤਰਾਂ ਦੀ ਪੂਜਾ। ਅਨੰਦਪੁਰ ਸਹਿਬ ਦੇ ਵਿੱਚ ਸ਼ਸਤਰਾਂ ਦੀ ਪੂਜਾ। ਪਟਨਾ ਸਹਿਬ ਦੇ ਵਿੱਚ ਸ਼ਸਤਰਾਂ ਦੀ ਪੂਜਾ। ਸਦੀਆਂ ਤੋਂ ਅਸੀਂ ਸ਼ਸਤਰਾਂ ਨੂੰ ਮੱਥਾ ਟੇਕਦੇ ਆਏ ਹਾਂ। ਤੁਸੀਂ ਕਬੂਲ ਕਰ ਲਿਆ। ਤੇ ਅੱਜ ਤੁਸੀਂ ਕਹਿੰਦੇ ਹੋ ਸ਼ਸਤਰਾਂ ਨਾਲ ਗੁਰੂਦੁਆਰਾ ਭ੍ਰਸ਼ਟ ਹੋ ਗਿਆ। ਤੇ ਤੁਸੀਂ ਟੈਂਕ ਚਾੜ੍ਹ ਕੇ ਪਵਿੱਤਰ ਕੀਤੈ ਗੁਰੂਦੁਆਰਾ? ਦਰਬਾਰ ਸਹਿਬ ਪਵਿਤਰ ਕੀਤੈ? (ਸੰਗਤ ਵੱਲੋਂ ਜੈਕਾਰਾ) ਖਿਮਾ ਕਰਨੀ ਕਿਉਂਕੀ ਝੂਠ ਫੈਲਾਓਣ ਲਈ ਸਾਧਣ ਬੜੇ ਨੇ ਤੇ ਸੱਚ ਨੂੰ ਮੰਜਰਆਮ ਤੇ ਲਿਆਉਣ ਲਈ ਸਾਧਣ ਕੋਈ ਨਹੀਂ। ਕੁੱਛ ਵੀ ਨਹੀਂ। ਸੋ ਮੈਂ ਅਰਜ ਕਰ ਰਿਹਾ ਸੀ ਕਿ ਸਤਿਗੁਰੂ ਕਹਿਣ ਲਗੇ ਕਿ ਮੈਂ ਸੰਤ ਪਹਿਲੇ ਹਾਂ ਸਿਪਾਹੀ ਬਾਦ ਆਂ ਤੇ ਸੰਤ ਦਾ ਇਹ ਕੰਮ ਨਹੀਂ ਕਿ ਓਹ ਪਹਿਲੇ ਵਾਰ ਕਰੇ। ਹਰੀ ਚੰਦ ਤੂੰ ਵਾਰ ਕਰ। ਤੇ ਹਰੀ ਚੰਦ ਕਹਿੰਦੈ ਗੁਰੂ ਤੇ ਬੜਾ ਭੋਲੈ। ਬਹੁਤ ਭੋਲੈ। ਸਾਨੂੰ ਦੁਸ਼ਮਣ ਨੂੰ ਵਾਰ ਕਰਣ ਦਾ ਮੌਕਾ ਦਿੰਦਾ ਪਿਆ ਹੈ। ਸਾਰੀ ਦੁਨੀਆ ਕਹਿੰਦੀ ਪਈ ਏ ਕਿ ਸਿੱਖ ਕੌਮ ਬੜੀ ਭੋਲੀ ਏ। ਭੋਲੀ ਕੌਮ ਹੈ। ਤੇ ਮੈਂ ਫਿਰ ਅਰਜ਼ ਕਰਾਂ ਕਿ ਭੋਲੇ ਦੀ ਪਹਿਚਾਣ ਇਹ ਹੁੰਦੀ ਹੈ ਕਿ ਉਹ ਅੰਦਰੋਂ ਬਾਹਰੋਂ ਇੱਕ ਹੁੰਦਾ ਹੈ, ਧੋਖੇਬਾਜ ਛੱਲ ਕਪਟ ਨਹੀਂ ਹੁੰਦਾ। ਤੇ ਭੋਲਾ ਬੰਦਾ ਹੀ ਰੱਬ ਦੇ ਨੇੜੇ ਹੁੰਦਾ ਹੈ। ਭੋਲੇ ਦਾ ਮਤਲਬ ਮੂੜ੍ਹ ਨਹੀਂ ਜਿਵੇਂ ਪੰਜਾਬੀ ਵਿੱਚ ਕਹਿ ਦਿੰਦੇ ਨੇ, "ਤੂੰ ਬੜਾ ਭੋਲੈਂ"। ਭੋਲੇ ਦਾ ਮਤਲਬ ਹੈ ਅੰਦਰੋਂ ਬਾਹਰੋਂ ਇੱਕ। ਜੋ ਜ਼ੁਬਾਨ ਤੇ ਹੈ ਉਹ ਦਿਲ ਵਿੱਚ ਹੈ ਤੇ ਜੋ ਦਿਲ ਵਿੱਚ ਹੈ ਉਹ ਜ਼ੁਬਾਨ ਤੇ ਹੈ। ਭੋਲਾ। ਤੇ ਭੋਲਾ ਬੰਦਾ ਸੱਚ ਦੇ ਨੇੜੇ ਹੁੰਦੈ ਤੇ ਚਲਾਕ ਬੰਦਾ ਝੂਠ ਦੇ ਨੇੜੇ ਹੁੰਦੈ। ਭੋਲਾ ਬੰਦਾ ਗਿਆਨ ਦੇ ਨੇੜੇ ਹੁੰਦੈ ਤੇ ਖਿਮਾ ਕਰਨੀ ਜਿਹੜਾ ਚਤਰ ਤੇ ਚਲਾਕ ਬੰਦਾ ਹੁੰਦਾ ਹੈ ਉਹ ਕਠੋਰਤਾ ਤੇ ਤਸ਼ੱਦਦ ਦੇ ਨੇੜੇ ਹੁੰਦਾ ਹੈ। ਭੋਲਾ, ਧੋਖਾ ਖਾਣਾ ਜਾਣਦਾ ਹੈ ਧੋਖਾ ਦੇਣਾ ਨਹੀਂ। ਚਲਾਕ ਧੋਖਾ ਖਾਣਾ ਨਹੀਂ ਜਾਣਦਾ, ਧੋਖਾ ਦੇਣਾ ਹੀ ਜਾਣਦਾ ਹੈ। ਤੇ ਇੱਕ ਆਲਮ ਦਾ ਕਹਿਣਾ ਹੈ ਕਿ ਇੱਕ ਦਫਾ ਧੋਖਾ ਦੇਣ ਨਾਲੋਂ ਹਜਾਰ ਦਫਾ ਧੋਖਾ ਖਾ ਲੈਣਾ ਬਿਹਤਰ ਹੈ। ਚੰਗਾ ਹੈ। ਧੋਖਾ ਖਾਣਾ ਕੋਈ ਪਾਪ ਨਹੀਂ, ਧੋਖਾ ਦੇਣਾ ਪਾਪ ਹੈ। ਤੇ ਪੈਂਤੀ ਸਾਲ ਤੋਂ ਸਾਨੂੰ ਧੋਖਾ ਤੇ ਦੇਈ ਜਾਂਦੇ ਨੇ ਹੋਰ ਕੀ ਏ। ਅਸੀਂ ਬਰਦਾਸ਼ਤ ਕੀਤੈ। ਕਿਉਂ ਬਰਦਾਸ਼ਤ ਕੀਤੈ? ਭੋਲਾ। ਤੇ ਭੋਲਾ ਪਵਿਤਰ ਹੁੰਦੈ। ਚਲਾਕ ਬੰਦਾ ਦੁਸ਼ਟ ਹੁੰਦੈ। ਚਲਾਕ ਬੰਦਾ ਦੁਸ਼ਟ ਹੁੰਦੈ।

"ਚਤੁਰਾਈ ਨ ਚਤੁਰਭੁਜੁ ਪਾਈਐ ॥
ਰੇ ਜਨ ਮਨੁ ਮਾਧਉ ਸਿਉ ਲਾਈਐ ॥"

ਤੇ ਮੈਂ ਇਤਨੀ ਕੁ ਗੱਲ ਕਹਾਂਗਾ ਕਿ ਗੱਲਾਂ ਬਾਤਾਂ ਦੇ ਵਿੱਚ, ਚਲਾਕੀਆਂ ਦੇ ਵਿੱਚ ਅਸੀਂ ਇਹਨਾ ਨਾਲੋਂ ਨਹੀਂ ਜਿੱਤ ਸਕਦੇ। ਕਿਉਂ ? ਇਹ ਚਤਰ ਚਲਾਕ ਬੇਈਮਾਨ ਨੇ। ਅਸੀਂ ਭੋਲੇ ਆਂ। ਏਨੀ ਗੱਲ ਐ। ਭੋਲਾ ਬੰਦਾ ਸੱਚ ਦੇ ਨੇੜੇ ਹੁੰਦੈ। ਚਲਾਕ ਤੇ ਚਤਰ ਝੂਠ ਦੇ ਨੇੜੇ ਹੁੰਦੈ। ਹੋਰ ਕੀ ਏ। ਅਸੀਂ ਸ਼ਾਇਦ ਇਹਨਾਂ ਦਾ ਮੁਕਾਬਲਾ ਨਾ ਕਰ ਸਕੀਏ। ਜਿਸ ਤਰੀਕੇ ਨਾਲ ਧੂੰਆਂਧਾਰ ਇਹਨਾਂ ਦੀਆਂ ਲੇਖਣੀਆਂ, ਜਿਸ ਤਰੀਕੇ ਨਾਲ ਇਹ ਝੂਠ ਟੀ.ਵੀ. ਤੇ ਰੇਡੀਓ ਤੇ ਬੋਲਦੇ ਪਏ ਨੇ ਸ਼ਾਇਦ ਅਸੀਂ ਇਸ ਢੰਗ ਨਾਲ ਜਵਾਬ ਜੋ ਹੈ ਨਾ ਦੇ ਸਕੀਏ। ਪਰ ਇਤਨੀ ਗੱਲ ਸਪਸ਼ਟ ਹੈ ਕਿ ਨਿਰੰਕਾਰ ਪਰੀਪੂਰਨ ਪ੍ਰਮਾਤਮਾ ਦਾ ਇੱਕ ਅਟੱਲ ਨਿਯਮ ਹੈ ਕਿ ਆਖਿਰ ਝੂਠ ਨੂੰ ਕੁਮਲਾ ਕੇ ਖਤਮ ਹੋਣਾ ਪੈਂਦੈ।

"ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥"

(ਸੰਗਤ ਵੱਲੋਂ ਜੈਕਾਰਾ) ਜਿਤਨੀਆਂ ਸਰਕਾਰੀ ਬਿਲਡਿੰਗਾਂ ਨੇ, ਤਮਾਮ ਸਰਕਾਰੀ ਬਿਲਡਿੰਗਾਂ ਦੇ ਉਤੇ ਲਿਖਿਆ ਹੋਇਐ, "ਸਤਯਮੇਵ ਜਯਤੇ"। ਸੱਤ ਕੀ ਸਦੀਵ ਜੀਤ ਹੋਤੀ ਹੈ। ਇਹ ਸੰਸਕ੍ਰਿਤ ਦੇ ਵਿੱਚ ਸ਼ਬਦ ਲਿਖੇ ਹੋਏ ਨੇ। "ਸਤਯਮੇਵ ਜਯਤੇ"। ਇਹਦੇ ਉਤੇ ਮੈਂ ਹਿੰਦੀ ਵਿੱਚ ਕੁਝ ਲੇਖ ਵੀ ਲਿਖੇ ਸਨ। ਅਖ਼ਬਾਰਾਂ ਨੂੰ ਭੇਜੇ ਸਨ। ਤੇ ਇਹ ਜਿਸ ਦਿਨ ਦਾ ਅੰਮ੍ਰਿਤਸਰ ਦਾ ਵਾਕਿਆ ਹੋਇਐ, ਪੰਜਾਬ ਦੇ ਵਿੱਚ ਇਹ ਦੁਖਦ ਘਟਨਾਵਾਂ ਘਟੀਐਂ, ਤੇ ਮੈਂ ਉਸ ਲੇਖ ਦੇ ਵਿੱਚ ਲਿਖਿਐ, ਹੁਣ ਇਹਨਾਂ ਸਰਕਾਰੀ ਇਮਾਰਤਾਂ ਤੇ ਲਿਖ ਦੇਣਾ ਚਾਹੀਦੈ, "ਝੂਠਮੇਵ ਜੇਵਤੇ"। ਸਤਯਮੇਵ ਜਯਤੇ ਨਹੀਂ। ਹੁਣ ਝੂਠਮੇਵ ਜਯਤੇ। ਕਿਉਂਕਿ ਸਾਰੀ ਸਰਕਾਰ ਹੀ ਜਦ ਝੂਠ ਦੇ ਸਹਾਰੇ ਤੇ ਚਲਦੀ ਹੋਵੇ ਤੇ ਸਰਕਾਰੀ ਇਮਾਰਤਾਂ ਦੇ ਉਤੇ ਇਹ ਲਿਖ ਦੇਣਾ, ਇਹ ਤੇ ਬਹੁਤ ਵੱਡਾ ਧੋਖੈ। ਫਰੇਬੀ ਚਲਾਕ ਬੰਦਾ ਧੋਖਾ ਦਿੰਦੈ। ਦੁਸਟ ਬੰਦਾ ਧੋਖਾ ਦਿੰਦੈ। ਤੇ ਸਤਿਗੁਰ ਕਹਿਣ ਲਗੇ ਹਰੀ ਚੰਦ ਤੂੰ ਵਾਰ ਕਰ ਲੈ। ਤੇ ਹਰੀ ਚੰਦ ਕਹਿੰਦੈ ਗੁਰੂ ਬੜਾ ਭੋਲੈ। ਤੇ ਮੈ ਫਿਰ ਅਰਜ ਕਰਾਂ ਭੋਲਾ ਉਸ ਨੂੰ ਕਹਿੰਦੇ ਨੇ, ਜੋ ਅੰਦਰ ਹੈ ਓਹੀ ਬਾਹਰ ਹੈ। ਜੋ ਬਾਹਰ ਹੈ ਓਹੀ ਅੰਦਰ ਹੈ। ਸਾਹਿਬ ਕਹਿੰਦੇ ਨੇ ਅਸੀਂ ਤਾਂ ਓਸੇ ਨੂੰ ਬੰਦਾ ਕਹਿੰਦੇ ਹਾਂ। ਬਾਕੀ ਤੇ ਸਾਰੇ ਪਸ਼ੂ ਨੇ। ਬਾਕੀਆਂ ਨੂੰ ਤੇ ਮਨੁੱਖ ਕਹਿਣਾ ਬਾਕੀਆਂ ਦੀ ਜੇ ਹੈ ਤੌਹੀਨ ਕਰਨੀ ਏ। ਤੇ ਮੁਖਤਸਰ ਜੋ ਹੈ ਮੈ ਅਰਜ ਕਰਾਂ। ਸਤਿਗੁਰ ਕਹਿਣ ਲਗੇ ਤੂੰ ਵਾਰ ਕਰ ਲੈ। ਤੇ ਹਰੀ ਚੰਦ ਨੇ ਐਨ ਨਿਸ਼ਾਨਾ ਬਣਾਇਆ ਸਤਿਗੁਰ ਦੇ ਘੋੜੇ ਦਾ। ਬਈ ਇਹ ਨੀਲਾ ਪਹਾੜਾਂ ਨੂੰ ਛਾਲ ਮਾਰ ਕੇ ਲੰਘ ਜਾਂਦੈ, ਬੜੀ ਭੀੜ ਦੇ ਵਿੱਚੋਂ ਲੰਘ ਜਾਂਦੈ। ਤੇ ਐਸਾ ਨਾ ਹੋਵੇ ਕਿਧਰੇ ਇਹ ਘੋੜਾ ਹੀ ਸਤਿਗੁਰਾਂ ਨੂੰ ਕਿਧਰੇ ਭਜਾ ਲੈ ਜਾਵੇ। ਤੇ ਸਤਿਗੁਰ ਦਾ ਇਹ ਘੋੜਾ ਹੀ ਪਹਿਲਾਂ ਜਖਮੀ ਕਰੋ ਜਾਂ ਮਾਰ ਦੇਵੋ। ਸਤਿਗੁਰ ਲਿਖਦੇ ਨੇ

"ਹਰੀ ਚੰਦ ਕੋਪੇ ਕਮਾਣੰ ਸੰਭਾਰੰ ॥<br>ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ ॥"

ਘੋੜੇ ਦਾ ਨਿਸ਼ਾਨਾ ਬਣਾਇਆ ਹਰੀ ਚੰਦ ਨੇ, ਖਿੱਚ ਕੇ ਤੀਰ ਮਾਰਿਆ। ਪਰ ਸਾਹਿਬ ਕਹਿੰਦੇ ਨੇ ਲਗਿਆ ਨਹੀਂ। ਖ਼ਤਾ ਚਲਾ ਗਿਆ। ਤੇ ਹਰੀ ਚੰਦ ਜੋ ਦਾਅਵਾ ਕਰ ਬੈਠਾ ਸੀ, ਮੇਰਾ ਵਾਰ ਕਦੀ ਖ਼ਤਾ ਨਹੀਂ ਜਾਂਦਾ, ਖ਼ਤਾ ਚਲਾ ਗਿਆ। ਔਖਾ ਤੇ ਬੜਾ ਹੋਇਆ ਤੇ ਨਿੰਮੋਝੂਣੇ ਜਿਹੇ ਮੂੰਹ ਨਾਲ ਕਹਿਣ ਲੱਗਾ ਕਿ ਮਹਾਰਾਜ ਹੁਣ ਤੁਸੀਂ ਵਾਰ ਕਰੋ। ਤੇ ਸਤਿਗੁਰ ਕਹਿਣ ਲੱਗੇ ਕਿ ਅਜੇ ਵੀ ਜੋ ਪੀਰ ਹੈ ਨਾ ਰੋਸ ਦੇ ਵਿੱਚ ਨਹੀਂ ਆਇਆ। ਅਜੇ ਵੀ ਸੰਤ ਦੇ ਅੰਦਰ ਸਿਪਾਹੀਪੁਣਾ ਨਹੀਂ ਪੈਦਾ ਹੋਇਆ। ਇਸ ਵਾਸਤੇ ਹਰੀ ਚੰਦ ਇੱਕ ਵਾਰ ਤੂੰ ਹੋਰ ਕਰ ਲੈ। ਤੇ ਹਰੀ ਚੰਦ ਅੰਦਰੋ-ਅੰਦਰੋ ਸੋਚਦੈ ਇਹ ਤੇ ਬਹੁਤ ਹੀ ਭੋਲੈ। ਬਹੁਤ ਹੀ ਭੋਲੈ। ਰਾਜਨੀਤੀ ਦਾ ਬਿਲਕੁਲ ਪਤਾ ਹੀ ਨਹੀਂ। ਇਹ ਤਾਂ ਠਗਾਣਾ ਹੀ ਜਾਣਦੈ। ਤੋ ਮੈਂ ਅਰਜ ਕਰਾਂ ਜੋ ਲਫ਼ਜ਼ ਮੈਂ ਤੁਹਾਡੇ ਸਾਹਮਣੇ ਰੱਖੇ ਨੇ ਫਿਰ ਦੁਹਰਾ ਦਿਆਂ ਕਿ ਇੱਕ ਦਫਾ ਠੱਗਣ ਨਾਲੋਂ ਹਜ਼ਾਰ ਦਫਾ ਠਗਾ ਜਾਣਾ ਬਿਹਤਰ ਹੈ। ਪਾਪ ਨਹੀਂ ਏ। ਠੱਗਣਾ ਗੁਨਾਹ ਹੈ। ਠੱਗਣਾ ਪਾਪ ਹੈ। ਠੱਗਣਾ ਧੋਖਾ ਹੈ। ਠੱਗਣਾ ਜਿਹੜੈ ਛੱਲ ਹੈ। ਔਰ ਠੱਗਣ ਵਾਲਾ ਪ੍ਰਮਾਤਮਾ ਤੋਂ ਦੂਰ ਹੁੰਦੈ। ਹਰੀ ਚੰਦ ਨੇ ਐਤਕੀ ਸਤਿਗੁਰਾਂ ਦੇ ਐਨ ਛਾਤੀ ਦਾ ਸੀਨੇ ਦਾ ਨਿਸ਼ਾਨਾ ਬਣਾਇਆ। ਐ ਦੂਜਾ ਵਾਰ ਵੀ ਮੇਰਾ ਖ਼ਤਾ ਚਲਾ ਜਾਏ ਘੋੜੇ ਨੂੰ ਮਾਰਾਂ। ਚਲੋ ਛੱਡੋ ਘੋੜੇ ਨੂੰ। ਸਤਿਗੁਰ ਦਾ ਹੀ ਨਿਸ਼ਾਨਾ ਬਣਾਓ। ਸਤਿਗੁਰ ਲਿਖਦੇ ਨੇ

"ਦੁਤੀਯ ਤਾਕ ਕੈ ਤੀਰ ਮੋ ਕੋ ਚਲਾਯੰ ॥<br>ਰਖਿਓ ਦਈਵ ਮੈ ਕਾਨ ਛੈ ਕੈ ਸਿਧਾਯੰ ॥"

ਓਸ ਦੈਵੀ ਸ਼ਕਤੀ ਨੇ ਮੇਰੀ ਰਕਸ਼ਾ ਕੀਤੀ, ਅਕਾਲ ਪੁਰਖ ਨੇ। ਓਹ ਤੀਰ ਮੇਰੇ ਕੰਨਾ ਨੂੰ ਛੂਹ ਕਿ ਲੰਘ ਗਿਆ। ਮੈਨੂੰ ਨਹੀਂ ਲਗਿਆ ਤੇ ਹਰੀ ਚੰਦ ਹੈਰਾਨ ਹੋ ਗਿਆ। ਦੂਜਾ ਵਾਰ ਵੀ ਖ਼ਤਾ। ਨਹੀਂ ਲਗਿਆ। ਕਹਿਣ ਲੱਗਾ ਮਹਾਰਾਜ ਹੁਣ ਤੁਸੀਂ ਵਾਰ ਕਰੋ। ਗੁਰੂ

ਗੋਬਿੰਦ ਸਿੰਘ ਜੀ ਦਾ ਜਿਗਰਾ ਦੇਖੋ। ਹਰੀ ਚੰਦ ਲੈ ਇੱਕ ਵਾਰ ਹੋਰ ਕਰ ਲੈ। ਹੋਰ ਕਰ ਲੈ। ਸਾਡੇ ਗੁਰੂ ਦਾ ਇਤਨਾ ਵੱਡਾ ਜਿਗਰੈ। ਸਿੱਖ ਕੌਮ ਦਾ ਬਹੁਤ ਵੱਡਾ ਜਿਗਰੈ। ਇਸ ਨੇ ਪੈਂਤੀ ਸਾਲ ਦੀਆਂ ਵਧੀਕੀਆਂ ਤੋਂ ਬਾਦ, ਖਿਮਾਂ ਕਰਨੀ, ਵਿਦਰੋਹ ਕੀਤੈ। ਪਹਿਲਾਂ ਨਹੀਂ ਕੀਤਾ। ਪੈਂਤੀ ਸਾਲ ਦੀ ਵਧੀਕੀਆਂ ਤੋਂ ਬਾਦ ਅਤੰਕਵਾਦ (ਖਾੜਕੂਵਾਦ) ਨੇ ਜਨਮ ਲਿਐ। ਪਹਿਲੇ ਨਹੀਂ ਜਨਮ ਲਿਆ। ਪੈਂਤੀ ਸਾਲ ਦੀ ਵਧੀਕੀਆਂ ਤੋਂ ਬਾਦ ਬਾਗ਼ੀ ਪੈਦਾ ਹੋਏ। ਵਿਦਰੋਹੀ ਪੈਦਾ ਹੋਏ। ਮਜਬੂਰੀ ਏ। ਬਿਲਕੁਲ ਮਜਬੂਰੀ ਏ। ਹਰੀ ਚੰਦ ਨੇ ਅਤਕੀਂ ਸਤਿਗੁਰੂ ਦੇ ਕਮਰਕੱਸੇ ਦਾ ਨਿਸ਼ਾਨਾ ਬਣਾਇਆ, ਬਈ ਪਹਿਲੇ ਮੈਂ ਛਾਤੀ ਨੂੰ ਤੀਰ ਮਾਰਿਆ ਤੇ ਉੱਚਾ ਹੋ ਗਿਆ ਤੇ ਉਹ ਕੰਨ ਦੇ ਕੋਲੋਂ ਲੰਘ ਗਿਆ। ਅਤਕੀਂ ਸਤਿਗੁਰ ਦੇ ਕਮਰਕੱਸੇ ਦਾ ਨਿਸ਼ਾਨਾ ਜੋ ਹੈ ਬਣਾਉਣੈ। ਉਹ ਬੜੀ ਸੇਧ ਲਾ ਕੇ, ਐਨ ਖਿੱਚ ਕੇ ਤੀਰ ਸਤਿਗੁਰਾਂ ਦੀ ਪੇਟੀ ਨੂੰ, ਕਮਰਕੱਸੇ ਨੂੰ ਉਸ ਨੇ ਮਾਰਿਆ। ਮਹਾਰਾਜ ਕਹਿੰਦੇ ਨੇ

"ਤ੍ਰਿਤੀਯ ਬਾਨ ਮਾਰਿਯੋ ਸੁ ਪੇਟੀ ਮਝਾਰੰ ॥
ਬਿਧਿਅੰ ਚਿਲਕਤੰ ਦਾਆਲ ਪਾਰੰ ਪਧਾਰੰ ॥"

"ਚਿਲਕਤੰ" ਰੇਸ਼ਮੀ ਕਪੱੜਾ ਤੇ ਥੱਲੇ ਇੱਕ ਚਮੜੇ ਦੀ ਪੇਟੀ। ਚਮੜੇ ਦੀ ਪੇਟੀ ਦੇ ਉੱਤੇ ਸਤਿਗੁਰੂ ਨੇ ਇੱਕ ਰੇਸ਼ਮੀ ਕੱਪੜਾ ਬੰਨਿਆ ਹੋਇਆ ਸੀ। ਕਮਰਕੱਸਾ। ਤੇ ਹਰੀ ਚੰਦ ਨੇ ਕਮਰਕੱਸੇ ਦਾ ਨਿਸ਼ਾਨਾ ਬਣਾਇਆ। ਤੀਰ ਨਿਸ਼ਾਨੇ ਤੇ ਲੱਗਿਆ। "ਬਿਧਿਅੰ ਚਿਲਕਤੰ" ਰੇਸ਼ਮੀ ਕੱਪੜਾ ਫੱਟ ਗਿਆ। ਚਮੜੇ ਦੀ ਪੇਟੀ ਵੀ ਫਟ ਗਈ। ਤੇ ਮਹਾਰਾਜ ਕਹਿੰਦੇ ਨੇ

"ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ ॥"

ਇਤਨੀ ਜਿਹੀ ਚੁੰਝ ਸਾਨੂੰ ਲੱਗੀ ਪਰ ਕੋਈ ਵਿਸ਼ੇਸ਼ ਘਾਵ ਨਹੀਂ ਆਇਆ। ਪਰ ਚੁੰਝ ਲੱਗੀ। ਥੋੜਾ ਜਿਹਾ ਖੂਨ ਨਿਕਲਿਆ। ਪਰ ਜਦੋਂ ਇਹ ਬਾਣ ਸਾਨੂੰ ਲੱਗਿਆ, ਜਦੋਂ ਇਹ ਚੁੰਝ ਸਾਨੂੰ ਲੱਗੀ ਤੇ ਸਾਹਿਬ ਕਹਿੰਦੇ ਨੇ ਸਾਡੇ ਅੰਦਰ ਸੁੱਤਾ ਹੋਇਆ ਸਿਪਾਹੀ ਜਾਗ ਪਿਆ। ਤੇ ਫੇਰ ਅਸੀਂ ਹਰੀ ਚੰਦ ਨੂੰ ਸੰਬੋਧਨ ਹੋ ਕੇ ਕਹਿ ਦਿੱਤਾ

"ਜਬੈ ਬਾਨ ਲਾਗਯੋ ॥ ਤਬੈ ਰੋਸ ਜਾਗਯੋ ॥"

(ਸੰਗਤ ਵੱਲੋਂ ਜੈਕਾਰਾ) ਹਰੀ ਚੰਦ ਹੁਣ ਰੋਸ ਜਾਗ ਪਿਐ। ਹੁਣ ਖਿਮਾ, ਦਿਆ, ਦਾਨ, ਸੀਲ, ਸੰਜਮ ਇਹਦੀ ਗੱਲ ਨਾ ਕਰੀ ਮੇਰੇ ਨਾਲ। ਹੁਣ ਰੋਸ ਪੈਦਾ ਹੋ ਗਿਐ

"ਕਰੰ ਲੈ ਕਮਾਣੰ ॥ ਹਨੰ ਬਾਣ ਤਾਣੰ ॥"
"ਸਬੈ ਬੀਰ ਧਾਏ ॥ ਸਰੋਘੰ ਚਲਾਏ ॥"
"ਹਰੀ ਚੰਦ ਮਾਰੇ ॥ ਸੁ ਜੋਧਾ ਲਤਾਰੇ ॥"

ਸਤਿਗੁਰੂ ਕਹਿੰਦੇ ਨੇ ਅਸੀਂ ਖਿੱਚ ਕੇ ਤੀਰ ਮਾਰਿਆ ਤੇ ਇੱਕੋ ਬਾਣ ਨਾਲ ਉਹ ਜਮੀਨ ਤੇ ਆ ਡਿੱਗਿਆ। ਧਰਤੀ ਤੇ ਆਣ ਤੜਪਿਆ। ਸਤਿਗੁਰੂ ਨੇ ਕਿਹਾ ਕਿ ਰੋਸ ਓਦੋਂ ਜਾਗਿਆ ਹਰੀ ਚੰਦ ਜਦ ਤੇਰਾ ਬਾਣ ਲੱਗਿਆ ਸਾਨੂੰ। ਅਸੀਂ ਗੁਰੂ ਦੀ ਉਮਤ ਹਾਂ। ਸਿਆਸੀ ਤੀਰ ਅਨੇਕਾਂ ਇਹਨਾਂ ਨੇ ਮਾਰੇ ਤੇ ਸਿਆਸੀ ਤੌਰ ਤੇ ਸਾਨੂੰ ਬਥੇਰਾ ਇਹਨਾ ਨੇ ਨੁਕਸਾਨ ਪਹੁੰਚਾਇਆ। ਅਸੀਂ ਨਹੀਂ ਰੋਸ ਗਏ। ਚਲੋ ਕੋਈ ਗੱਲ ਨਹੀਂ। ਅਸੀਂ ਥੋੜਾ ਖਾਧਾ ਸੀ ਤੇ ਵੱਡੇ ਭਰਾ ਨੇ ਚਲੋ ਜਿਆਦਾ ਹੀ ਸਈ, ਹਾਲਾਂ ਕਿ ਛੋਟੇ ਦਾ ਹੱਕ ਜਿਆਦਾ ਬਣਦਾ ਸੀ ਕਿ ਵੱਡੇ ਨੂੰ ਅਪਣਾ ਫਰਜ਼ ਸਮਝਣਾ ਚਾਹੀਦੈ ਸੀ। ਪਰ ਨਈ। ਚਲੋ ਕੋਈ ਗੱਲ ਨਈ। ਇਹਦੇ ਕੋਲ ਧਨ ਜਿਆਦਾ ਹੋਵੇ। ਪਰ ਜਦ ਘਰ ਦੇ ਵਿੱਚ ਪੱਗ ਲਾਹ ਦਿੱਤੀ ਗਈ ਤਾਂ ਮਜਬੂਰਨ ਇਕਬਾਲ ਦੀ ਤਰ੍ਹਾਂ ਕਹਿਣਾ ਪਿਆ

"ਮੁੱਦਤੇਂ ਗੁਜ਼ਰੀ ਹੈ ਇਤਨੀ ਰੰਜੋ ਗ਼ਮ ਸਹਿਤੇ ਹੁਏ, ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ"।

ਹੁਣ ਲੱਜਾ ਆਉਂਦੀ ਹੈ। ਇਸ ਦੇਸ਼ ਨੂੰ ਅਪਣਾ ਦੇਸ਼ ਕਿਸ ਤਰ੍ਹਾਂ ਆਖੀਏ। ਜਿੱਥੇ ਬੱਸਾਂ ਵਿੱਚ ਬੈਠਿਆਂ ਸਾਡੀ ਤਲਾਸ਼ੀ। ਗੱਡੀ ਵਿੱਚ ਬੈਠਿਆਂ ਤੇ ਸਾਨੂੰ ਇੰਞ ਦੇਖਣਗੇ ਜਿਵੇਂ ਡਾਕੂ ਬੈਠਾ। ਤੇ ਜੇ ਜਹਾਜ ਦੇ ਵਿੱਚ ਸਫਰ ਕਰੀਏ ਤੇ ਕਹਿਣ ਕਿਰਪਾਨ ਲਾਹ ਦੇਣਾ ਤੇ ਕਿਸ ਤਰ੍ਹਾਂ ਆਖੀਏ ਦੇਸ਼ ਸਾਡੈ। ਕਦਮ-ਕਦਮ ਤੇ ਸ਼ਰਮਸਾਰੀ, ਕਦਮ-ਕਦਮ ਦੇ ਉਤੇ ਬੇਇਜ਼ਤੀ। ਤੇ ਦਿੱਲੀ ਦੇ ਵਿੱਚ ਮੈਂ ਥੋੜੀ ਜਿਹੀ ਗੁਰਬਾਣੀ ਦੀ ਵਿਚਾਰ ਕਰਦਿਆਂ ਹੋਇਆਂ ਮੌਜੂਦਾ ਦੌਰ ਦੇ ਸੱਤਾਧਾਰੀਆਂ ਦੀ ਵਧੀਕੀ ਦਾ ਜਿਕਰ ਕੀਤਾ ਤੇ ਦਿੱਲੀ ਤੋਂ ਹੀ ਨੱਸਣਾ ਪਿਆ। ਪ੍ਰੋ. ਦਰਸ਼ਨ ਸਿੰਘ ਨੂੰ ਵੀ ਨੱਸਣਾ ਪਿਆ। ਹੱਦ ਹੋ ਗਈ। ਇਹ ਦੇਸ਼ ਅਪਣਾ ਹੈ, ਇਹ ਕੋਈ ਅਪਣਾ ਘਰ ਹੈ। ਖਿਮਾ ਕਰਨੀ ਮੈਂ ਇਹ ਤਾਂ ਨਹੀਂ ਕਹਿੰਦਾ ਕਿ ਅਸੀਂ ਇਸ ਘਰ ਨੂੰ ਛੱਡ ਜਾਣੈ। ਇਹ ਨਹੀਂ ਕਹਿੰਦਾ ਮੈਂ।

"ਫਲਕ ਕੋ ਜਿਦ ਹੈ ਹਮੀਂ ਪੇ ਬਿਜਲੀਆਂ ਗਿਰਾਨੇ ਕੀ, ਪਰ ਹਮੇਂ ਭੀ ਜਿੱਦ ਹੈ ਯਹੀਂ ਪੇ ਆਸ਼ਿਆਂ ਬਣਾਨੇ ਕੀ।"

(ਸੰਗਤ ਵੱਲੋਂ ਜੈਕਾਰਾ) ਤੁਸੀਂ, ਹਾਂ ਜੀ।

"ਫਲਕ ਕੋ ਜਿਦ ਹੈ ਹਮੀਂ ਪੇ ਬਿਜਲੀਆਂ ਗਿਰਾਨੇ ਕੀ, ਪਰ ਹਮੇਂ ਭੀ ਜਿੱਦ ਹੈ ਯਹੀਂ ਪੇ ਆਸ਼ਿਆਂ ਬਣਾਨੇ ਕੀ।"

ਤੁਸੀਂ ਅਪਣਾ ਅਪਣੀ ਜਿੱਦ ਪੂਰੀ ਕਰ ਲਓ। ਅਸੀਂ ਹੁਣ ਅਪਣੀ ਜਿੱਦ ਪੂਰੀ ਕਰਨੀ ਏ। (ਜਿੰਦਾਬਾਦ ਦੇ ਨਾਅਰੇ) ਔਰ ਸਾਧ ਸੰਗਤ ਜੀ ਇਕਾਗਰਤਾ ਪਰਦਾਨ ਕਰਨੀ। ਸੋ ਮੈਂ ਇਤਨੀ ਅਰਜ਼ ਕਰਾਂ। ਸੋ ਮੈਂ ਅਰਜ਼ ਕਰਾਂ। ਦੇਸ਼ ਦੇ ਸੱਤਾਧਾਰੀਆਂ ਨੂੰ ਕਹਿ ਦਿਆਂ ਕਿ ਤੁਸੀਂ ਅਪਣੀ ਜਿੱਦ ਪੂਰੀ ਕਰਦੇ ਜਾ ਰਹੇ ਹੋ ਔਰ ਪੂਰੀ ਕਰ ਰਹੇ ਹੋ। ਤੇ ਹੁਣ ਅਸੀਂ ਅਪਣੀ ਜਿੱਦ ਪੂਰੀ ਕਰਾਂਗੇ। ਔਰ ਜਿੱਦ ਨਾਲ ਜਿੱਦ ਟਕਰਾਈ ਏ। ਕਹਿੰਦੇ ਨਾ ਭੋਲਾ ਬੰਦਾ ਜੋਗੀ ਹੁੰਦੈ। ਤੇ ਜੋਗੀ ਜਦ ਹੱਠ ਤੇ ਆਉਂਦੈ ਤੇ ਰਾਜਿਆਂ ਦੇ ਸਿੰਘਾਸਣ ਡੋਲ ਜਾਂਦੇ ਨੇ। (ਸੰਗਤ ਵੱਲੋਂ ਜੈਕਾਰਾ) ਸੋ ਸਾਹਿਬੇ ਗੁਰੂ ਗੋਬਿੰਦ ਸਿੰਘ ਮਹਾਰਾਜ ਕਲਗੀਧਰ ਪਾਤਸ਼ਾਹ ਰਹਿਮਤ ਕਰਨ, ਬਖਸ਼ਿਸ਼ ਕਰਨ, ਸਮਰੱਥਾ ਦੇਣ ਔਰ ਤਾਜਗੀ ਦੇਣ, ਹਿੰਮਤ ਦੇਣ, ਦਲੇਰੀ ਦੇਣ ਔਰ ਸਾਡਾ ਇਹ ਜਜਬਾ ਬਨਿਆ ਰਹੇ ਤਾ ਕਿ ਅਸੀਂ ਵਕਤ ਸਿਰ ਔਰ ਵਕਤ ਤੋ ਪਹਿਲੇ ਅਪਣੇ ਮੰਜਿਲੇ ਮਕਸੂਦ ਤੱਕ ਪਹੁੰਚੀਏ ਤੇ ਮਕਸਦ ਦੀ ਜੋ ਹੈ ਪਰਾਪਤੀ ਕਰ ਸਕੀਏ। ਇਤਨੇ ਸ਼ਬਦ ਕਹਿੰਦਾ ਹੋਇਆ ਜੋ ਹੈ ਆਪ ਤੋਂ ਖਿਮਾ ਦੀ ਯਾਚਨੈ। ਥੋੜਾ ਜਿਹਾ ਪ੍ਰੋਗਰਾਮ ਆਪ ਸਰਵਣ ਕਰ ਲੈਣਾ। ਸਵੇਰੇ ਦਰਬਾਰ ਸਹਿਬ ਤੋਂ ਜੋ ਮੁਖਵਾਕ ਆਏਗਾ, ਦਾਸ ਦੀ ਡਿਉਟੀ ਲੱਗੀ ਹੈ ਸਾਢੇ ਸੱਤ ਤੋਂ ਲੈ ਕੇ ਸਵਾ ਅੱਠ ਸਾਢੇ ਅੱਠ ਵਜੇ ਤੱਕ ਦਾਸ ਉਸ ਮੁਖਵਾਕ ਦੀ ਕਥਾ ਕਰੇਗਾ। ਫਿਰ ਨੌਂ ਵਜੇ ਜੋ ਪੰਜ ਸਿੰਘ ਸਹਿਬਾਨ ਤੇ ਅਖੰਡ ਪਾਠ ਸਹਿਬ ਰਖਾਇਆ ਹੋਇਐ, ਓਹਦਾ ਨੌਂ ਵਜੇ ਭੋਗ ਪਏਗਾ। ਉਸ ਤੋਂ ਬਾਦ ਪ੍ਰੋ. ਦਰਸ਼ਨ ਸਿੰਘ ਜੀ ਅਪਨੂੰ ਗਾਲਬਣ ਅੱਧਾ ਘੰਟਾ ਕੀਰਤਨ ਸਰਵਣ ਕਰਾਓਣਗੇ। ਉਸ ਤੋਂ ਬਾਦ ਦਾਸ ਫਿਰ ਅੱਧਾ ਘੰਟਾ ਵਿਚਾਰ ਰੱਖੇਗਾ।

"ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥"

For Audio Recording of this Katha Visit us at:
http://www.SikhStudentsFederation.Com/audio/sant-singh-maskeen.html

Keep Visiting: http://www.sikhstudentsfederation.com